## ਨਿਵਾਸੀਆਂ ਦੇ ਅਧਿਕਾਰਾਂ ਦਾ ਬਿੱਲ

**3** (1) ਕਿਸੇ ਵੀ ਲੌਂਗ-ਟਰਮ ਕੇਅਰ ਹੋਮ (ਲੰਬੇ ਸਮੇਂ ਦੀ ਦੇਖਭਾਲ ਵਾਲੇ ਘਰ) ਦਾ ਹਰੇਕ ਲਾਇਸੈਂਸ ਧਾਰਕ ਇਹ ਯਕੀਨੀ ਬਣਾਏਗਾ ਕਿ ਨਿਵਾਸੀਆਂ ਦੇ ਹੇਠ ਲਿਖੇ ਅਧਿਕਾਰਾਂ ਦਾ ਪੂਰੀ ਤਰ੍ਹਾਂ ਸਤਿਕਾਰ ਕੀਤਾ ਜਾਵੇ ਅਤੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਵੇ:

### ਸਤਿਕਾਰ ਨਾਲ ਪੇਸ਼ ਆਉਣ ਦਾ ਅਧਿਕਾਰ

1. ਹਰੇਕ ਨਿਵਾਸੀ ਕੋਲ ਨਿਮਰਤਾ ਅਤੇ ਸਤਿਕਾਰ ਨਾਲ ਪੇਸ਼ ਆਉਣ ਦਾ ਅਧਿਕਾਰ ਹੈ ਅਤੇ ਅਜਿਹੇ ਤਰੀਕੇ ਨਾਲ ਜੋ ਨਿਵਾਸੀ ਦੀ ਅੰਦਰੂਨੀ ਮਾਣ-ਮਰਿਆਦਾ, ਮਹੱਤਤਾ ਅਤੇ ਵਿਅਕਤੀਗਤ ਪਛਾਣ ਨੂੰ ਪੂਰੀ ਤਰ੍ਹਾਂ ਮਾਨਤਾ ਦਿੰਦਾ ਹੋਵੇ; ਚਾਹੇ ਉਨ੍ਹਾਂ ਦੀ ਨਸਲ, ਵੰਸ਼, ਮੂਲ ਸਥਾਨ, ਰੰਗ, ਨਸਲੀ ਮੂਲ, ਨਾਗਰਿਕਤਾ, ਧਰਮ, ਲਿੰਗ, ਜਿਨਸੀ ਰੁਝਾਨ, ਲਿੰਗ ਪਛਾਣ, ਲਿੰਗ ਪ੍ਰਗਟਾਵਾ, ਉਮਰ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ ਜਾਂ ਅਪੰਗਤਾ ਕੁਝ ਵੀ ਹੋਵੇ।
2. ਹਰੇਕ ਨਿਵਾਸੀ ਕੋਲ ਆਪਣੀ ਜੀਵਨ ਸ਼ੈਲੀ ਅਤੇ ਪਸੰਦਾਂ ਦਾ ਸਤਿਕਾਰ ਕਰਵਾਉਣ ਦਾ ਅਧਿਕਾਰ ਹੈ।
3. ਹਰੇਕ ਨਿਵਾਸੀ ਕੋਲ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਆਪਣੀ ਭਾਗੀਦਾਰੀ ਦਾ ਸਤਿਕਾਰ ਕਰਵਾਉਣ ਦਾ ਅਧਿਕਾਰ ਹੈ।

### ਦੁਰਵਿਵਹਾਰ ਅਤੇ ਅਣਗਹਿਲੀ ਤੋਂ ਮੁਕਤੀ ਦਾ ਅਧਿਕਾਰ

4. ਹਰੇਕ ਨਿਵਾਸੀ ਕੋਲ ਦੁਰਵਿਵਹਾਰ ਤੋਂ ਮੁਕਤ ਰਹਿਣ ਦਾ ਅਧਿਕਾਰ ਹੈ।
5. ਹਰੇਕ ਨਿਵਾਸੀ ਕੋਲ ਲਾਇਸੈਂਸ ਧਾਰਕ ਅਤੇ ਸਟਾਫ ਦੀ ਲਾਪਰਵਾਹੀ ਤੋਂ ਮੁਕਤ ਰਹਿਣ ਦਾ ਅਧਿਕਾਰ ਹੈ।

### ਜੀਵਨ ਦੇ ਉੱਤਮ ਮਿਆਰ (ਕੁਆਲਿਟੀ) ਦਾ ਅਧਿਕਾਰ

6. ਹਰੇਕ ਨਿਵਾਸੀ ਕੋਲ ਭਰੋਸੇ ਨਾਲ ਸੰਚਾਰ ਕਰਨ, ਆਪਣੀ ਪਸੰਦ ਦੇ ਮੁਲਾਕਾਤੀਆਂ ਨੂੰ ਮਿਲਣ ਅਤੇ ਕਿਸੇ ਵੀ ਵਿਅਕਤੀ ਨਾਲ ਬਿਨਾਂ ਕਿਸੇ ਦਖਲਅੰਦਾਜ਼ੀ ਦੇ ਨਿੱਜੀ ਤੌਰ 'ਤੇ ਸਲਾਹ-ਮਸ਼ਵਰਾ ਕਰਨ ਦਾ ਅਧਿਕਾਰ ਹੈ।
7. ਹਰੇਕ ਨਿਵਾਸੀ ਕੋਲ ਮਿੱਤਰਤਾ ਅਤੇ ਰਿਸ਼ਤੇ ਬਣਾਉਣ ਅਤੇ ਲੌਂਗ-ਟਰਮ ਕੇਅਰ ਹੋਮ (ਲੰਬੇ ਸਮੇਂ ਦੀ ਦੇਖਭਾਲ ਵਾਲੇ ਘਰ) ਦੇ ਜੀਵਨ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ।

8. ਹਰੇਕ ਨਿਵਾਸੀ ਕੋਲ ਆਪਣੀ ਆਪਸੀ ਇੱਛਾ ਅਨੁਸਾਰ ਕਿਸੇ ਹੋਰ ਨਿਵਾਸੀ ਨਾਲ ਕਮਰਾ ਸਾਂਝਾ ਕਰਨ ਦਾ ਅਧਿਕਾਰ ਹੈ, ਜੇਕਰ ਉਚਿਤ ਰਿਹਾਇਸ਼ ਉਪਲਬਧ ਹੋਵੇ।

9. ਹਰੇਕ ਨਿਵਾਸੀ ਕੋਲ ਆਪਣੇ ਜੀਵਨ ਸਾਥੀ ਜਾਂ ਕਿਸੇ ਹੋਰ ਵਿਅਕਤੀ ਨਾਲ ਅਜਿਹੇ ਕਮਰੇ ਵਿੱਚ ਨਿੱਜੀ ਤੌਰ 'ਤੇ ਮਿਲਣ ਦਾ ਅਧਿਕਾਰ ਹੈ ਜੋ ਗੋਪਨੀਯਤਾ ਦੀ ਪੂਰੀ ਗਾਰੰਟੀ ਦਿੰਦਾ ਹੋਵੇ।

10. ਹਰੇਕ ਨਿਵਾਸੀ ਕੋਲ ਸਮਾਜਿਕ, ਸੱਭਿਆਚਾਰਕ, ਧਾਰਮਿਕ, ਅਧਿਆਤਮਿਕ ਅਤੇ ਹੋਰ ਰੁਚੀਆਂ ਨੂੰ ਪੂਰਾ ਕਰਨ, ਆਪਣੀਆਂ ਸੰਭਾਵਨਾਵਾਂ ਨੂੰ ਵਿਕਸਤ ਕਰਨ ਅਤੇ ਲਾਇਸੈਂਸ ਧਾਰਕ ਵੱਲੋਂ ਇਹਨਾਂ ਰੁਚੀਆਂ ਨੂੰ ਪੂਰਾ ਕਰਨ ਅਤੇ ਆਪਣੀਆਂ ਸੰਭਾਵਨਾਵਾਂ ਨੂੰ ਵਿਕਸਤ ਕਰਨ ਲਈ ਉਚਿਤ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।

11. ਹਰੇਕ ਨਿਵਾਸੀ ਕੋਲ ਇੱਕ ਸੁਰੱਖਿਅਤ ਅਤੇ ਸਾਫ਼-ਸੁਥਰੇ ਵਾਤਾਵਰਣ ਵਿੱਚ ਰਹਿਣ ਦਾ ਅਧਿਕਾਰ ਹੈ।

12. ਹਰੇਕ ਨਿਵਾਸੀ ਕੋਲ ਬਾਹਰੀ ਗਤੀਵਿਧੀਆਂ ਦਾ ਅਨੰਦ ਲੈਣ ਲਈ ਸੁਰੱਖਿਅਤ ਬਾਹਰੀ ਖੇਤਰਾਂ ਤੱਕ ਪਹੁੰਚ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਦੋਂ ਤੱਕ ਕਿ ਇਮਾਰਤ ਦੀ ਭੌਤਿਕ ਬਣਤਰ ਇਸ ਨੂੰ ਅਸੰਭਵ ਨਾ ਬਣਾ ਦੇਵੇ।

13. ਹਰੇਕ ਨਿਵਾਸੀ ਕੋਲ ਸੁਰੱਖਿਆ ਨਿਯਮਾਂ ਅਤੇ ਦੂਜੇ ਨਿਵਾਸੀਆਂ ਦੇ ਅਧਿਕਾਰਾਂ ਦੇ ਅਧੀਨ ਰਹਿੰਦੇ ਹੋਏ, ਆਪਣੇ ਕਮਰੇ ਵਿੱਚ ਨਿੱਜੀ ਸਮਾਨ, ਤਸਵੀਰਾਂ ਅਤੇ ਫਰਨੀਚਰ ਰੱਖਣ ਅਤੇ ਸਜਾਉਣ ਦਾ ਅਧਿਕਾਰ ਹੈ।

14. ਹਰੇਕ ਨਿਵਾਸੀ ਕੋਲ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਖੁਦ ਕਰਨ ਦਾ ਅਧਿਕਾਰ ਹੈ, ਜਦੋਂ ਤੱਕ ਨਿਵਾਸੀ ਕੋਲ ਅਜਿਹਾ ਕਰਨ ਦੀ ਕਾਨੂੰਨੀ ਸਮਰੱਥਾ ਦੀ ਘਾਟ ਨਾ ਹੋਵੇ।

15. ਹਰੇਕ ਨਿਵਾਸੀ ਕੋਲ ਇੱਕ ਨਾਗਰਿਕ ਦੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਅਧਿਕਾਰ ਹੈ।

## ਮਿਆਰੀ ਦੇਖਭਾਲ ਅਤੇ ਸਵੈ-ਨਿਰਣੇ (ਆਪਣੇ ਫੈਸਲੇ ਖੁਦ ਲੈਣ) ਦਾ ਅਧਿਕਾਰ

16. ਹਰੇਕ ਨਿਵਾਸੀ ਕੋਲ ਆਪਣੀਆਂ ਲੋੜਾਂ ਅਨੁਸਾਰ ਉਚਿਤ ਰਿਹਾਇਸ਼, ਪੋਸ਼ਣ, ਦੇਖਭਾਲ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

17. ਹਰੇਕ ਨਿਵਾਸੀ ਕੋਲ ਇਹ ਜਾਣਨ ਦਾ ਅਧਿਕਾਰ ਹੈ ਕਿ ਉਹਨਾਂ ਦੀ ਸਿੱਧੀ ਦੇਖਭਾਲ ਲਈ ਕੌਣ ਜ਼ਿੰਮੇਵਾਰ ਹੈ ਅਤੇ ਉਹਨਾਂ ਨੂੰ ਇਹ ਦੇਖਭਾਲ ਕੌਣ ਪ੍ਰਦਾਨ ਕਰ ਰਿਹਾ ਹੈ।

18. ਹਰੇਕ ਨਿਵਾਸੀ ਕੋਲ ਇਲਾਜ ਦੌਰਾਨ ਅਤੇ ਆਪਣੀਆਂ ਨਿੱਜੀ ਲੋੜਾਂ ਦੀ ਦੇਖਭਾਲ ਦੌਰਾਨ ਗੋਪਨੀਯਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।

19. ਹਰੇਕ ਨਿਵਾਸੀ ਕੋਲ ਇਹ ਅਧਿਕਾਰ ਹਨ ਕਿ ਉਹ:

   i. ਆਪਣੀ ਦੇਖਭਾਲ ਦੀ ਯੋਜਨਾ ਨੂੰ ਤਿਆਰ ਕਰਨ, ਲਾਗੂ ਕਰਨ, ਉਸ ਦੀ ਸਮੀਖਿਆ ਕਰਨ ਅਤੇ ਉਸ ਵਿੱਚ ਸੋਧ ਕਰਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈ ਸਕੇ,

ii. ਕਿਸੇ ਵੀ ਅਜਿਹੇ ਇਲਾਜ, ਦੇਖਭਾਲ ਜਾਂ ਸੇਵਾਵਾਂ ਲਈ ਆਪਣੀ ਸਹਿਮਤੀ ਦੇ ਸਕੇ ਜਾਂ ਇਨਕਾਰ ਕਰ ਸਕੇ, ਜਿਨ੍ਹਾਂ ਲਈ ਕਾਨੂੰਨ ਅਨੁਸਾਰ ਸਹਿਮਤੀ ਦੀ ਲੋੜ ਹੈ, ਅਤੇ ਸਹਿਮਤੀ ਦੇਣ ਜਾਂ ਇਨਕਾਰ ਕਰਨ ਦੇ ਨਤੀਜਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੇ,

iii. ਆਪਣੀ ਦੇਖਭਾਲ ਦੇ ਕਿਸੇ ਵੀ ਪਹਿਲੂ ਨਾਲ ਸੰਬੰਧਿਤ ਕੋਈ ਵੀ ਫੈਸਲਾ ਲੈਣ ਵਿੱਚ ਪੂਰੀ ਤਰ੍ਹਾਂ ਹਿੱਸਾ ਲੈ ਸਕੇ, ਜਿਸ ਵਿੱਚ ਲੌਂਗ-ਟਰਮ ਕੇਅਰ ਹੋਮ ਵਿੱਚ ਦਾਖਲੇ, ਛੁੱਟੀ ਜਾਂ ਕਿਸੇ ਹੋਰ ਥਾਂ ਤਬਦੀਲ ਕੀਤੇ ਜਾਣ ਨਾਲ ਸੰਬੰਧਿਤ ਕੋਈ ਵੀ ਫੈਸਲਾ ਸ਼ਾਮਲ ਹੈ ਅਤੇ ਇਹਨਾਂ ਵਿੱਚੋਂ ਕਿਸੇ ਵੀ ਮਾਮਲੇ ਵਿੱਚ ਸੁਤੰਤਰ ਰਾਏ ਪ੍ਰਾਪਤ ਕਰ ਸਕੇ ਅਤੇ

iv.ਆਪਣੇ ਨਿੱਜੀ ਸਿਹਤ ਵੇਰਵਿਆਂ ਨੂੰ *ਪਰਸਨਲ ਹੈਲਥ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ, 2004* ਦੇ ਅਨੁਸਾਰ ਗੁਪਤ ਰੱਖ ਸਕੇ ਅਤੇ ਉਸੇ ਐਕਟ ਦੇ ਅਨੁਸਾਰ ਆਪਣੀ ਸਿਹਤ ਜਾਣਕਾਰੀ ਦੇ ਰਿਕਾਰਡਾਂ ਤੱਕ ਪਹੁੰਚ ਪ੍ਰਾਪਤ ਕਰ ਸਕੇ, ਜਿਸ ਵਿੱਚ ਉਹਨਾਂ ਦੀ ਦੇਖਭਾਲ ਦੀ ਯੋਜਨਾ ਵੀ ਸ਼ਾਮਲ ਹੈ।

20. ਹਰੇਕ ਨਿਵਾਸੀ ਕੋਲ ਆਪਣੇ ਦੇਖਭਾਲ ਕਰਨ ਵਾਲਿਆਂ ਤੋਂ ਆਪਣੀ ਸਰੀਰਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਤੰਦਰੁਸਤੀ ਅਤੇ ਜੀਵਨ ਦੇ ਮਿਆਰ ਨੂੰ ਬਣਾਈ ਰੱਖਣ ਲਈ ਨਿਰੰਤਰ ਅਤੇ ਸੁਰੱਖਿਅਤ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਦੇਖਭਾਲ ਕਰਨ ਵਾਲੇ ਜਾਂ ਹੋਰ ਵਿਅਕਤੀ ਨਾਲ ਸੰਪਰਕ ਕਰਨ ਵਿੱਚ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।

21. ਹਰੇਕ ਨਿਵਾਸੀ ਕੋਲ ਲਾਇਸੈਂਸ ਧਾਰਕ (ਮਾਲਕ) ਜਾਂ ਹੋਮ ਦੇ ਸਟਾਫ਼ ਨਾਲ ਹੋਣ ਵਾਲੀ ਕਿਸੇ ਵੀ ਮੀਟਿੰਗ ਵਿੱਚ ਆਪਣੇ ਕਿਸੇ ਵੀ ਦੋਸਤ, ਪਰਿਵਾਰਕ ਮੈਂਬਰ, ਦੇਖਭਾਲ ਕਰਨ ਵਾਲੇ ਜਾਂ ਆਪਣੇ ਲਈ ਮਹੱਤਵਪੂਰਨ ਕਿਸੇ ਹੋਰ ਵਿਅਕਤੀ ਨੂੰ ਸ਼ਾਮਲ ਕਰਨ ਦਾ ਅਧਿਕਾਰ ਹੈ।

22. ਹਰੇਕ ਨਿਵਾਸੀ ਕੋਲ ਕਿਸੇ ਵਿਅਕਤੀ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੈ ਜੋ ਨਿਵਾਸੀ ਦੇ ਕਿਸੇ ਹੋਰ ਥਾਂ ਤਬਾਦਲੇ ਜਾਂ ਹਸਪਤਾਲ ਦਾਖਲ ਹੋਣ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਸਕੇ ਅਤੇ ਉਸ ਵਿਅਕਤੀ ਨੂੰ ਇਹ ਜਾਣਕਾਰੀ ਤੁਰੰਤ ਦਿੱਤੇ ਜਾਣ ਦਾ ਅਧਿਕਾਰ ਹੈ।

23. ਹਰੇਕ ਵਸਨੀਕ ਨੂੰ ਵੱਧ ਤੋਂ ਵੱਧ ਸੁਤੰਤਰਤਾ ਨੂੰ ਵੱਧ ਤੋਂ ਵੱਧ ਕਰਨ ਲਈ ਇੱਕ ਬਹਾਲੀ ਦੇਖਭਾਲ ਦੇ ਦਰਸ਼ਨ ਦੇ ਅਧਾਰ ਤੇ ਸੁਤੰਤਰਤਾ ਪ੍ਰਤੀ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ।

24. ਹਰੇਕ ਨਿਵਾਸੀ ਕੋਲ ਇਹ ਅਧਿਕਾਰ ਹੈ ਕਿ ਉਸ ਨੂੰ ਬੰਨ੍ਹ ਕੇ ਜਾਂ ਕਾਬੂ ਕਰਕੇ ਨਾ ਰੱਖਿਆ ਜਾਵੇ, ਸਿਵਾਏ ਇਸ ਐਕਟ ਦੇ ਅਧੀਨ ਦਿੱਤੀਆਂ ਗਈਆਂ ਸੀਮਤ ਸਥਿਤੀਆਂ ਅਤੇ ਇਸ ਐਕਟ ਦੀਆਂ ਜ਼ਰੂਰਤਾਂ ਦੇ ਅਨੁਸਾਰ।

**ਨੋਟ: ਲੈਫਟੀਨੈਂਟ ਗਵਰਨਰ ਦੁਆਰਾ ਘੋਸ਼ਿਤ ਕੀਤੀ ਜਾਣ ਵਾਲੀ ਇੱਕ ਨਿਸ਼ਚਿਤ ਮਿਤੀ 'ਤੇ, ਐਕਟ ਦੀ ਉਪ-ਧਾਰਾ 3 (1) ਦੇ ਪੈਰਾ 24 ਵਿੱਚ ਸੋਧ ਕੀਤੀ ਜਾਵੇਗੀ, ਜਿਸ ਵਿੱਚ "ਬੰਨ੍ਹ ਕੇ ਜਾਂ ਕਾਬੂ ਕਰਨਾ" ਸ਼ਬਦ ਦੇ ਨਾਲ "ਸੀਮਤ ਕਰਨਾ/ਕੈਦ ਕਰਨਾ" ਸ਼ਬਦ ਵੀ ਜੋੜ ਦਿੱਤਾ ਜਾਵੇਗਾ। (ਦੇਖੋ: 2021, ਅਧਿਆਇ 39, ਅਨੁਸੂਚੀ 1, ਧਾਰਾ 203 (3))**

25. ਹਰੇਕ ਨਿਵਾਸੀ ਕੋਲ ਇੱਕ 'ਪੈਲੀਏਟਿਵ ਕੇਅਰ' ਫਲਸਫੇ 'ਤੇ ਅਧਾਰਿਤ ਦੇਖਭਾਲ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

26. ਹਰੇਕ ਨਿਵਾਸੀ ਜੋ ਮਰਨ ਕਿਨਾਰੇ ਹੈ ਜਾਂ ਬਹੁਤ ਜ਼ਿਆਦਾ ਬਿਮਾਰ ਹੈ, ਉਸ ਕੋਲ ਦਿਨ ਦੇ 24 ਘੰਟੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਆਪਣੇ ਕੋਲ ਰੱਖਣ ਦਾ ਅਧਿਕਾਰ ਹੈ।

## ਜਾਣਕਾਰੀ ਪ੍ਰਾਪਤ ਕਰਨ, ਹਿੱਸਾ ਲੈਣ ਅਤੇ ਸ਼ਿਕਾਇਤ ਕਰਨ ਦਾ ਅਧਿਕਾਰ

27. ਹਰੇਕ ਨਿਵਾਸੀ ਕੋਲ ਇਹ ਅਧਿਕਾਰ ਹੈ ਕਿ ਉਸ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਕਾਨੂੰਨ, ਨਿਯਮ ਜਾਂ ਨੀਤੀ ਬਾਰੇ ਅਤੇ ਸ਼ਿਕਾਇਤਾਂ ਸ਼ੁਰੂ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ ਦਿੱਤੀ ਜਾਵੇ।

28. ਹਰੇਕ ਨਿਵਾਸੀ ਕੋਲ ਨਿਵਾਸੀਆਂ ਦੀ ਕੌਂਸਲ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ।

29. ਹਰੇਕ ਨਿਵਾਸੀ ਕੋਲ ਇਹ ਅਧਿਕਾਰ ਹੈ ਕਿ ਉਹ ਆਪਣੇ ਜਾਂ ਦੂਜਿਆਂ ਦੇ ਪੱਖ ਤੋਂ, ਹੇਠਾਂ ਦਿੱਤੇ ਵਿਅਕਤੀਆਂ ਅਤੇ ਸੰਸਥਾਵਾਂ ਕੋਲ ਨੀਤੀਆਂ ਅਤੇ ਸੇਵਾਵਾਂ ਬਾਰੇ ਚਿੰਤਾਵਾਂ ਜ਼ਾਹਰ ਕਰ ਸਕੇ ਜਾਂ ਤਬਦੀਲੀਆਂ ਦੀ ਸਿਫਾਰਸ਼ ਕਰ ਸਕੇ। ਇਹ ਕੰਮ ਉਹ ਕਿਸੇ ਵੀ ਦਖਲਅੰਦਾਜ਼ੀ ਤੋਂ ਬਿਨਾਂ ਅਤੇ ਕਿਸੇ ਵੀ ਦਬਾਅ, ਵਿਤਕਰੇ ਜਾਂ ਬਦਲਾ ਲਏ ਜਾਣ ਦੇ ਡਰ ਤੋਂ ਬਿਨਾਂ ਕਰ ਸਕਦਾ ਹੈ, ਚਾਹੇ ਅਜਿਹੀ ਕਾਰਵਾਈ ਸਿੱਧੇ ਨਿਵਾਸੀ ਦੇ ਵਿਰੁੱਧ ਹੋਵੇ ਜਾਂ ਕਿਸੇ ਹੋਰ ਵਿਅਕਤੀ ਦੇ ਵਿਰੁੱਧ:

    i. ਨਿਵਾਸੀਆਂ ਦੀ ਕੌਂਸਲ।

    ii. ਪਰਿਵਾਰਕ ਕੌਂਸਲ।

    iii. ਲਾਇਸੈਂਸ ਧਾਰਕ (ਮਾਲਕ) ਅਤੇ ਜੇਕਰ ਲਾਇਸੈਂਸ ਧਾਰਕ ਇੱਕ ਕਾਰਪੋਰੇਸ਼ਨ ਹੈ, ਤਾਂ ਉਸ ਕਾਰਪੋਰੇਸ਼ਨ ਦੇ ਡਾਇਰੈਕਟਰ ਅਤੇ ਅਧਿਕਾਰੀ ਅਤੇ ਪਾਰਟ IX ਦੇ ਅਧੀਨ ਪ੍ਰਵਾਨਿਤ ਹੋਮ ਦੇ ਮਾਮਲੇ ਵਿੱਚ, ਸੈਕਸ਼ਨ 135 ਦੇ ਅਧੀਨ ਹੋਮ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਜਾਂ ਸੈਕਸ਼ਨ 128 ਜਾਂ 132 ਦੇ ਅਧੀਨ ਹੋਮ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ।

    iv. ਸਟਾਫ ਮੈਂਬਰ।

    v. ਸਰਕਾਰੀ ਅਧਿਕਾਰੀ।

    vi. ਲੌਂਗ-ਟਰਮ ਕੇਅਰ ਹੋਮ ਦੇ ਅੰਦਰ ਜਾਂ ਬਾਹਰ ਦਾ ਕੋਈ ਵੀ ਹੋਰ ਵਿਅਕਤੀ।